ਦਫ਼ਤਰ ਸਿਵਲ ਜੱਜ (ਸੀਨੀਅਰ ਡਵੀਜਨ), ਬਠਿੰਡਾ
ਨਿਲਾਮੀ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੂਡੀਸ਼ੀਅਲ ਕੋਰਟ ਕੰਪਲੈਕਸ, ਬਠਿੰਡਾ, ਤਲਵੰਡੀ ਸਾਬੋ ਅਤੇ ਫੂਲ ਵਿਖੇ, ਕੰਟੀਨ, ਪਾਰਕਿੰਗ, ਕੋਰਟ ਕੰਪਲੈਕਸ ਦੀ ਬਿਲਡਿੰਗ ਵਿੱਚ ਦੁਕਾਨਾਂ (ਵੇਰਵਾ ਹੇਠ ਦਿੱਤੇ ਅਨੁਸਾਰ) ਦਾ ਠੇਕਾ ਸਾਲ 2026-27 ਮਿਤੀ 01.04.2026 ਤੋਂ ਮਿਤੀ 31.03.2027 ਤੱਕ ਲਈ ਨਿਲਾਮੀ ਖੁੱਲੀ ਬੋਲੀ ਜਾਹੀਂ ਮਿਤੀ 16.03.2026 ਨੂੰ ਦੁਪਹਿਰ 2 ਵਜੇ ਏ.ਡੀ.ਆਰ. ਸੈਂਟਰ, ਕੋਰਟ ਕੰਪਲੈਕਸ, ਬਠਿੰਡਾ ਵਿਖੇ ਕੀਤੀ ਜਾਵੇਗੀ। ਫੂਲ ਅਤੇ ਤਲਵੰਡੀ ਸਾਬੋ ਡਵੀਜਨਾਂ ਦੇ ਸਥਾਨ ਦੀ ਨਿਲਾਮੀ ਮਿਤੀ 16.03.2026 ਨੂੰ ਸ਼ਾਮ 4 ਵਜੇ ਸਬੰਧਤ ਸਬ ਡਵੀਜਨਾਂ ਦੇ ਕੋਰਟ ਕੰਪਲੈਕਸ ਵਿਖੇ ਹੋਵੇਗੀ। ਬੋਲੀ ਮਨਜੂਰ ਹੋਣ ਵਾਲੇ ਵਿਅਕਤੀ ਨੂੰ ਬੋਲੀ ਦਾ 1/4 ਹਿੱਸਾ ਮੌਕਾ ਤੇ ਜਮ੍ਹਾਂ ਕਰਵਾਉਣਾ ਹੋਵੇਗਾ ਅਤੇ ਬਾਕੀ ਰਹਿੰਦੀ ਰਕਮ ਦਾ 1/4 ਹਿੱਸਾ ਮਿਤੀ 01.07.2026 ਤੱਕ ਜਮ੍ਹਾਂ ਕਰਵਾਉਣਾ ਹੋਵੇਗਾ, 1/4 ਹਿੱਸਾ ਮਿਤੀ 01.11.2026 ਤੱਕ ਜਮ੍ਹਾਂ ਕਰਵਾਉਣਾ ਹੋਵੇਗਾ ਅਤੇ ਰਹਿੰਦੀ ਰਕਮ ਮਿਤੀ 31.01.2027 ਤੱਕ ਜਮ੍ਹਾਂ ਕਰਵਾਉਣੀ ਹੋਵੇਗੀ। ਬੋਲੀ ਦੀਆਂ ਸਾਰੀ ਸ਼ਰਤਾ ਮੌਕੇ ਤੇ ਦੱਸੀਆਂ ਜਾਣਗੀਆਂ। ਸਾਈਟਾਂ ਦੀ ਜਗ੍ਹਾ ਦਾ ਮੁਆਇਨਾ ਬੋਲੀ ਸ਼ੁਰੂ ਹੋਣ ਤੋਂ 2 ਘੰਟੇ ਪਹਿਲਾਂ ਕਰਵਾ ਦਿੱਤਾ ਜਾਵੇਗਾ। ਕਿਸੇ ਵੀ ਸਾਬਕਾ ਠੇਕੇਦਾਰ, ਜਿਸ ਵੱਲ ਸਰਕਾਰੀ ਬਕਾਇਆ ਹੋਵੇਗਾ, ਉਸਨੂੰ ਬੋਲੀ ਦੇਣ ਦਾ ਹੱਕ ਨਹੀਂ ਹੈ। ਇਕਰ ਦਿੱਤੇ ਹੋਏ ਸਮੇਂ ਤੇ ਜੋ ਕਿਸ਼ਤ ਜਮ੍ਹਾਂ ਨਹੀਂ ਕਰਵਾਏਗਾ, ਉਸਦਾ ਠੇਕਾ ਕੈਂਸਲ ਕਰ ਦਿੱਤਾ ਜਾਵੇਗਾ। ਵਧੇਰੇ ਜਾਣਕਾਰੀ ਲਈ ਨਿਮਨ-ਹਸਤਾਖਰ ਦੇ ਦਫ਼ਤਰ ਵਿੱਚ ਸੰਪਰਕ ਕਰ ਸਕਦੇ ਹੋ। ਠੇਕੇ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

ਲੜੀ ਨੰਬਰ	ਬੋਲੀ ਦਾ ਸਥਾਨ	ਜਿਸਦਾ ਠੇਕਾ ਮੰਗਿਆ ਗਿਆ ਹੈ	ਰਿਜਰਵ ਕੀਮਤ
1	ਜੂਡੀਸ਼ੀਅਲ ਕੋਰਟ ਕੰਪਲੈਕਸ, ਬਠਿੰਡਾ	ਕੰਟੀਨ	3,00,000/-ਰੁਪਏ ਸਾਲਾਨਾ
2	ਜੂਡੀਸ਼ੀਅਲ ਕੋਰਟ ਕੰਪਲੈਕਸ, ਬਠਿੰਡਾ	ਪਾਰਕਿੰਗ	75,000/-ਰੁਪਏ ਸਾਲਾਨਾ
3	ਦੁਕਾਨ ਨੰਬਰ 1	ਫੋਟੋ ਸਟੇਟ ਸਰਵਿਸ	50,000/-ਰੁਪਏ ਸਾਲਾਨਾ
4	ਦੁਕਾਨ ਨੰਬਰ 2	ਪਟੀਸ਼ਨ ਰਾਈਟਰ/ਕੰਪਿਊਟਰ ਰਾਈਟਰ/ਸਟੇਸ਼ਨਰੀ/ਸਟੈਂਪ ਵੈਂਡਰ	50,000/-ਰੁਪਏ ਸਾਲਾਨਾ
5	ਦੁਕਾਨ ਨੰਬਰ 3	ਸਟੇਸ਼ਨਰੀ/ਸਟੈਂਪ ਵੈਂਡਰ	50,000/-ਰੁਪਏ ਸਾਲਾਨਾ
ਲੜੀ ਨੰਬਰ	**ਬੋਲੀ ਦਾ ਸਥਾਨ**	**ਜਿਸਦਾ ਠੇਕਾ ਮੰਗਿਆ ਗਿਆ ਹੈ**	**ਰਿਜਰਵ ਕੀਮਤ**
1	ਜੂਡੀਸ਼ੀਅਲ ਕੋਰਟ ਕੰਪਲੈਕਸ ਫੂਲ ਅਤੇ ਤਲਵੰਡੀ ਸਾਬੋ	ਕੰਟੀਨ	1,00,000/-ਰੁਪਏ ਸਾਲਾਨਾ ਤਲਵੰਡੀ ਸਾਬੋ ਅਤੇ ਫੂਲ
2	ਜੂਡੀਸ਼ੀਅਲ ਕੋਰਟ ਕੰਪਲੈਕਸ ਫੂਲ ਅਤੇ ਤਲਵੰਡੀ ਸਾਬੋ	ਪਾਰਕਿੰਗ	1,00,000/-ਰੁਪਏ ਸਾਲਾਨਾ ਫੂਲ ਅਤੇ 75,000/-ਰੁਪਏ ਸਾਲਾਨਾ ਤਲਵੰਡੀ ਸਾਬੋ
3	ਦੁਕਾਨ ਨੰਬਰ 1	ਫੋਟੋ ਸਟੇਟ ਸਰਵਿਸ	20,000/-ਰੁਪਏ ਸਾਲਾਨਾ ਤਲਵੰਡੀ ਸਾਬੋ ਅਤੇ ਫੂਲ
4	ਦੁਕਾਨ ਨੰਬਰ 2	ਪਟੀਸ਼ਨ ਰਾਈਟਰ/ਕੰਪਿਊਟਰ ਰਾਈਟਰ	20,000/-ਰੁਪਏ ਸਾਲਾਨਾ ਤਲਵੰਡੀ ਸਾਬੋ ਅਤੇ ਫੂਲ
5	ਦੁਕਾਨ ਨੰਬਰ 3	ਸਟੇਸ਼ਨਰੀ/ਸਟੈਂਪ ਵੈਂਡਰ	20,000/-ਰੁਪਏ ਸਾਲਾਨਾ ਤਲਵੰਡੀ ਸਾਬੋ ਅਤੇ ਫੂਲ

ਸ/ —

ਗੁਰਕ੍ਰਿਪਾਲ ਸਿੰਘ ਮੇਖੋਂ, ਪੀ.ਸੀ.ਐਸ.,
ਸਿਵਲ ਜੱਜ (ਸੀਨੀਅਰ ਡਵੀਜਨ)
ਬਠਿੰਡਾ।